بسم اللہ الرحمن الرحیم    نحمدہ و نصلی علی رسولہ الکریم    و علی عبدہ المسیح الموعود

لا الہ الا اللہ محمد رسول اللہ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਅਨੁਸਾਰ ਕੁਰਆਨ ਸ਼ਰੀਫ਼ ਦੀਆਂ ਖ਼ੂਬੀਆਂ, ਸਥਾਨ ਅਤੇ ਵੱਡਿਆਈ ਦਾ ਬਿਆਨ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 03 ਫ਼ਰਵਰੀ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦੱ, ਤਾਊਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕੁਰਆਨ ਸ਼ਰੀਫ਼ ਦੀਆਂ ਖ਼ੂਬੀਆਂ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਇਸ ਦੀਆਂ ਖ਼ੂਬੀਆਂ ਅਤੇ ਬਰਕਤਾਂ ਦਾ ਦਰ ਸਦਾ ਜਾਰੀ ਹੈ ਅਤੇ ਉਹ ਹਰ ਜ਼ਮਾਨੇ'ਚ ਇੰਝ ਹੀ ਸਾਫ਼ ਅਤੇ ਸਪਸ਼ਟ ਹੈ ਜਿਵੇਂ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਸਮੇਂ'ਚ ਸੀ।

ਫ਼ਿਰ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਸੱਚ ਹੈ ਕਿ ਵਧੇਰੇ ਮੁਸਲਮਾਨਾਂ ਨੇ ਕੁਰਆਨ ਸ਼ਰੀਫ਼ ਨੂੰ ਛਡੱ'ਤਾ ਹੈ। ਪਰ ਫ਼ਿਰ ਵੀ ਕੁਰਆਨ ਸ਼ਰੀਫ਼ ਦੇ ਨੂਰ ਅਤੇ ਬਰਕਤਾਂ ਅਤੇ ਉਸ ਦੇ ਪ੍ਰਭਾਵ ਸਦਾ ਜ਼ਿੰਦਾ ਅਤੇ ਤਾਜ਼ਾ ਹਨ। ਸੋ, ਮੈਂ ਇਸ ਸਮੇਂ ਉਸ ਪ੍ਰਮਾਣ ਲਈ ਭੇਜਿਆ ਗਿਆ ਹਾਂ ਅਤੇ ਰੱਬ ਸਦਾ ਆਪਣੇ ਸਮੇਂ'ਤੇ ਆਪਣੇ ਬੰਦੀਆਂ ਨੂੰ ਆਪਣੀ ਮਦਦ ਅਤੇ ਸਹਿਯੋਗ ਲਈ ਭੇਜਦਾ ਰਿਹਾ ਹੈ। ਕਿਉਂਕਿ ਉਸ ਨੇ ਵਚਨ ਕੀਤਾ ਸੀ ਕਿ ਬੇਸ਼ਕੱ ਅਸੀਂ ਇਸ ਜ਼ਿਕਰ ਅਰਥਾਤ ਕੁਰਆਨ ਸ਼ਰੀਫ਼ ਨੂੰ ਉਤਾਰੀਆ ਹੈ ਅਤੇ ਅਸੀਂ ਹੀ ਇਸ ਦੇ ਰਾਖੀ ਕਰਨ ਵਾਲੇ ਹਾਂ।

ਸੋ, ਇਸ ਜ਼ਮਾਨੇ'ਚ ਰੱਬ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਸੱਚੇ ਗ਼ੁਲਾਮ ਨੂੰ ਕੁਰਆਨ ਸ਼ਰੀਫ਼ ਦੇ ਪ੍ਰਚਾਰ ਅਤੇ ਰਾਖੀ ਲਈ ਭੇਜਿਆ ਹੈ। ਆਪ ਅਲੈਹਿ ਸਲਾਮ ਨੂੰ ਉਹ ਸੂਖ਼ੱਮ ਗਿਆਨ ਦਿੱਤੇ ਹਨ। ਜੋ ਲੋਕਾਂ ਤੋਂ ਲੁਕਵੇਂ ਸਨ। ਆਪ ਅਲੈਹਿ ਸਲਾਮ ਕੁਰਆਨ ਸ਼ਰੀਫ਼ ਦੀ ਹਕੂਮਤ ਨੂੰ ਸੰਸਾਰ'ਚ ਕਾਯਮ ਕਰਨ ਲਈ ਆਏ ਸਨ। ਪਰ ਬਦਕਿਸਮਤੀ ਨਾਲ ਝੂੱਠੇ ਮੌਲਵੀਆਂ ਨੇ ਆਪ ਅਲੈਹਿ ਸਲਾਮ ਦੇ ਦਾਅਵੇ ਦਾ ਆਰੰਭ ਤੋਂ ਹੀ ਵਿਰੋਧ ਕਰਨਾ ਆਪਣੀ ਆਦਤ ਬਣਾ ਲਿਆ ਹੈ ਅਤੇ ਕੋਈ ਅਕਲ ਦੀ ਗਲੱ ਸੁਣਨਾ ਵੀ ਨਹੀਂ ਚਾਹੁੰਦੇ ਅਤੇ ਆਮ ਲੋਕਾਂ ਨੂੰ ਵੀ ਰਾਹ ਤੋਂ ਭਟੱਕਾ ਰਹੇ ਹਨ। ਪਾਕਿਸਤਾਨ'ਚ ਸਮੇਂ ਸਮੇਂ ਤੇ ਇਨ੍ਹਾਂ ਝੂੱਠੇ ਮੌਲਵੀਆਂ ਨੂੰ ਉਬਾਲ ਆਉਂਦਾ ਰਹਿੰਦਾ ਹੈ ਅਤੇ ਉਨ੍ਹਾਂ ਦੇ ਨਾਲ ਸਸਤੀ ਇਜ਼ੱਤ ਚਾਹੁੰਣ ਵਾਲੇ ਰਾਜਨੇਤਾ ਅਤੇ ਅਫ਼ਸਰ ਵੀ ਸ਼ਾਮਿਲ ਹੋ ਜਾਂਦੇ ਹਨ

ਅਤੇ ਅਹਮਦੀਆਂ ਨੂੰ ਵੱਖੋ ਵੱਖ ਢੰਗ ਨਾਲ ਦੁਸ਼ਮਨੀ ਦਾ ਨਿਸ਼ਾਨਾ ਬਣਾਉਂਦੇ ਹਨ। ਪਿਛੱਲੇ ਕੁਝੱ ਸਮੇਂ ਤੋਂ ਕੁਰਆਨ ਦੇ ਅਪਮਾਨ ਅਤੇ ਬੇਇੱਜ਼ਤੀ ਦੇ ਝੂੱਠੇ ਕੇਸ ਅਹਮਦੀਆ'ਤੇ ਬਣਾਉਣ ਦੀ ਕੋਸ਼ਿਸ਼'ਚ ਲੱਗੇ ਹੋਏ ਹਨ। ਰੱਬ ਉਨ੍ਹਾਂ ਦੀ ਦੁਸ਼ਮਨੀ ਤੋਂ ਬਚਾਵੇ ਅਤੇ ਜੋ ਅਹਮਦੀ ਇਨ੍ਹਾਂ ਗ਼ਲਤ ਦੋਸ਼ਾਂ'ਚ ਫੜ੍ਹੇ ਹੋਏ ਹਨ। ਉਨ੍ਹਾਂ ਦੀ ਆਜ਼ਾਦੀ ਦੇ ਸਾਮਾਨ ਪੈਦਾ ਕਰੇ।

ਇਸ ਜ਼ਮਾਨੇ'ਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀ ਕੁਰਆਨ ਸ਼ਰੀਫ਼ ਦੇ ਗੁਣਾਂ ਦਾ ਪਤਾ ਮਿਲਦਾ ਹੈ ਅਤੇ ਇਹ ਜਮਾਅਤੇ ਅਹਮਦੀਆ ਹੀ ਹੈ, ਜੋ ਇਸ ਕੰਮ ਨੂੰ ਸੰਸਾਰ'ਚ ਸੰਪੂਰਨ ਕਰ ਰਹੀ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਆਦੇਸ਼ਾਂ ਅਤੇ ਕਿਤਾਬਾਂ'ਚ ਕੁਰਆਨ ਸ਼ਰੀਫ਼ ਦਾ ਜੋ ਸਥਾਨ ਪੈਸ਼ ਕੀਤਾ ਹੈ, ਅਜੱ ਮੈਂ ਉਹ ਬਿਆਨ ਕਰਾਂਗਾ।

ਆਪ ਅਲੈਹਿ ਸਲਾਮ ਕੁਰਆਨ ਸ਼ਰੀਫ਼ ਦੀ ਸੰਪੂਰਨ ਸਿਖਿੱਆ ਬਾਰੇ ਇਕੱ ਥਾਂ ਫ਼ਰਮਾਉਂਦੇ ਹਨ ਕਿ ਮੇਰਾ ਧਰਮ ਇਹੀ ਹੈ ਕਿ ਕੁਰਆਨ ਸ਼ਰੀਫ਼ ਆਪਣੀ ਸਿਖਿੱਆਵਾਂ'ਚ ਸੰਪੂਰਨ ਹੈ ਅਤੇ ਕੋਈ ਸੱਚਾਈ ਉਸ ਤੋਂ ਬਾਹਰ ਨਹੀਂ।

ਇਸ ਹਵਾਲੇ ਨਾਲ ਕਿ ਹਦਾਯਤ ਦਾ ਪਹਿਲਾ ਸਾਧਨ ਕੁਰਆਨ ਸ਼ਰੀਫ਼ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੇਰਾ ਧਰਮ ਇਹ ਹੈ ਕਿ ਤਿੰਨ ਚੀਜ਼ਾਂ ਹਨ। ਜੋ ਤੁਹਾਡੀ ਹਦਾਯਤ ਲਈ ਰੱਬ ਨੇ ਤੁਹਾਨੂੰ ਦਿੱਤੀਆਂ ਹਨ। ਸਭ ਤੋਂ ਪਹਿਲਾਂ ਕੁਰਆਨ ਸ਼ਰੀਫ਼ ਹੈ। ਜਿਸ'ਚ ਰੱਬ ਦੇ ਈਸ਼ਵਰਵਾਦ ਅਤੇ ਵਡਿਆਈ ਦਾ ਜ਼ਿਕਰ ਹੈ ਅਤੇ ਜਿਸ'ਚ ਉਨ੍ਹਾਂ ਝੱਗੜ੍ਹੀਆਂ ਦਾ ਫ਼ੈਸਲਾ ਕੀਤਾ ਗਿਆ ਹੈ। ਜੋ ਯਹੂਦੀਆ ਅਤੇ ਇਸਾਈਆਂ'ਚ ਸਨ। ਕੁਰਆਨ ਸ਼ਰੀਫ਼'ਚ ਕਿਹਾ ਗਿਆ ਹੈ ਕਿ ਤੁਸੀਂ ਰੱਬ ਤੋਂ ਬਿਨ੍ਹਾਂ ਕਿਸੇ ਦੀ ਇਬਾਦਤ ਨਾ ਕਰੋ ਸੋ ਤੁਸੀਂ ਹੁਸ਼ਿਆਰ ਰਹੇ ਅਤੇ ਰੱਬ ਦੀ ਸਿਖਿੱਆ ਅਤੇ ਕੁਰਆਨ ਸ਼ਰੀਫ਼ ਦੀ ਹਦਾਯਤ ਦੇ ਖ਼ਿਲਾਫ਼ ਇਕੱ ਕਦਮ ਵੀ ਨ ਪੁੱਟੋ। ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜੋ ਕੁਰਆਨ ਦੇ ਸਤੱ ਸੋ ਹੁਕਮਾਂ'ਚੋਂ ਇਕੱ ਨਿੱਕੇ ਜਿਹੇ ਹੁਕਮ ਨੂੰ ਵੀ ਟਾਲਦਾ ਹੈ। ਉਹ ਮੁਕਤੀ ਦਾ ਬੂਹਾ ਆਪਣੇ ਹੱਥਾਂ ਨਾਲ ਆਪਣੇ'ਤੇ ਬੰਦ ਕਰਦਾ ਹੈ। ਮੈਨੂੰ ਰੱਬ ਨੇ ਸੰਬੋਧਨ ਕਰਕੇ ਫ਼ਰਮਾਇਆ ਹੈ ਕਿ ਸਾਰੀਆਂ ਭਲਾਈਆਂ ਕੁਰਆਨ'ਚ ਹਨ। ਇਹੀ ਗਲੱ ਸੱਚ ਹੈ।

ਫ਼ਰਮਾਇਆ ਕਿ ਰੱਬ ਨੇ ਤੁਹਾਡੇ'ਤੇ ਬਹੁਤ ਕਿਰਪਾ ਕੀਤੀ। ਜੋ ਕੁਰਆਨ ਵਰਗੀ ਕਿਤਾਬ ਤੁਹਾਨੂੰ ਬਖ਼ਸ਼ੀ ਸੋ, ਉਸ ਦੀ ਕਦਰ ਕਰੋ, ਜੋ ਤੁਹਾਨੂੰ ਦਿੱਤੀ ਗਈ। ਇਹ ਆਪਾਰ ਕਿਰਪਾ ਹੈ, ਇਹ ਵੱਡੀ ਦੌਲਤ ਹੈ। ਜੇਕਰ ਕੁਰਆਨ ਸ਼ਰੀਫ਼ ਨ ਆਉਂਦਾ ਤਾਂ ਸਾਰਾ ਸੰਸਾਰ ਇਕੱ ਗੰਦੇ ਲੋਥ ਵਰਗਾ ਸੀ। ਕੁਰਆਨ ਉਹ ਕਿਤਾਬ ਹੈ ਜਿਸ ਦੇ ਮੁਕਾਬਲੇ'ਤੇ ਸਾਰੀ ਹਦਾਯਤਾਂ ਨੀਚ ਹਨ।

ਕੁਰਆਨ ਸ਼ਰੀਫ਼ ਦੇ ਖ਼ਾਤਮੁਲੱ ਕੁਤੁਬ ਹੋਣ ਬਾਰੇ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਖ਼ਾਤਮੁਨੱਬੀਯੀਨ ਹਨ ਅਤੇ ਕੁਰਆਨ ਸ਼ਰੀਫ਼ ਖ਼ਾਤਮੁਲੱ ਕੁਤੁਬ ਹੈ। ਹੁਣ ਕੋਈ ਹੋਰ ਕਲਮਾ ਜਾਂ ਕੋਈ ਹੋਰ ਨਮਾਜ਼ ਨਹੀਂ ਹੋ ਸਕਦੀ। ਜੋ ਕੁਝੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਜਾਂ ਕਰਕੇ ਵਿਖਾਇਆ। ਉਸ ਨੂੰ ਛਡੱ ਕੇ ਮੁਕਤੀ ਨਹੀਂ ਮਿਲ ਸਕਦੀ। ਜੋ ਉਸ ਨੂੰ ਛੱਡੇਗਾ। ਉਹ ਨਰਕ'ਚ ਜਾਵੇਗਾ। ਇਹ ਸਾਡਾ ਧਰਮ ਅਤੇ ਵਿਸ਼ਵਾਸ ਹੈ। ਪਰ ਇਸ ਦੇ ਨਾਲ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ

ਇਸ ਉਮੱਤ ਲਈ ਵਹੀ ਤੇ ਇਲਹਾਮ ਦੀ ਰਾਹ ਖੁਲ੍ਹੀ ਹੈ ਅਤੇ ਇਹ ਰਾਹ ਬੇਸ਼ੱਕ ਕੁਰਆਨ ਸ਼ਰੀਫ਼ ਦੀ ਸੱਚਾਈ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਸੱਚਾਈ'ਤੇ ਹਰ ਸਮੇਂ ਤਾਜ਼ਾ ਗਵਾਹੀ ਹੈ ।

ਫ਼ਰਮਾਇਆ : ਇਸਲਾਮ ਦੇ ਉਦੇਸ਼ਾਂ'ਚੋਂ ਤਾਂ ਇਹ ਗਲ੍ਹੱ ਸੀ ਕਿ ਮਨੁਖੱ ਕੱਲ੍ਹੇ ਮੂੰਹੋਂ ਇਕੱ ਈਸ਼ਵਰਵਾਦ ਨ ਕਰੇ । ਸਗੋਂ ਹਕੀਕਤ'ਚ ਸਮਝ ਲਵੇ ਅਤੇ ਸਵਰਗ ਤੇ ਨਰਕ'ਤੇ ਖਿਆਲੀ ਵਿਸ਼ਵਾਸ ਨ ਹੋਵੇ । ਸਗੋਂ ਹਕੀਕਤ'ਚ ਇਸੇ ਜੀਵਨ'ਚ ਇਹ ਸਵਰਗੀ ਹਾਲਤ'ਤੇ ਖ਼ਬਰ ਪਾ ਲਏ ਅਤੇ ਉਨ੍ਹਾਂ ਪਾਪਾਂ'ਤੋਂ, ਜਿਨ੍ਹਾਂ'ਚ ਜੰਗਲੀ ਲੋਕ ਜੀਵਨ ਬਤੀਤ ਕਰ ਰਹੇ ਹਨ, ਮੁਕਤੀ ਪਾ ਲਏ । ਇਹ ਵੱਡਮੁਲ੍ਹਾ ਉਦੇਸ਼ ਇਸਲਾਮ ਦਾ ਸੀ ਅਤੇ ਹੈ ਅਤੇ ਇਹ ਅਜੀਹਾ ਪਾਕ ਪਵਿਤੱਰ ਉਦੇਸ਼ ਹੈ ਕਿ ਕੋਈ ਦੂਜੀ ਕੌਮ ਉਸ ਦੀ ਮਿਸਾਲ ਆਪਣੇ ਧਰਮ'ਚ ਪੈਸ਼ ਨਹੀਂ ਕਰ ਸਕਦੀ ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਅਜੱ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮੰਨਣ ਵਾਲਿਆਂ ਨੂੰ ਇਹ ਪਧੱਰ ਹਾਸਲ ਕਰਨ ਦੀ ਲੋੜ੍ਹ ਹੈ । ਸੰਸਾਰ ਨੂੰ ਦਸੱਣ ਦੀ ਲੋੜ੍ਹ ਹੈ, ਸਾਡੇ'ਤੇ ਕੁਫ਼ਰ ਦੇ ਦੋਸ਼ ਲਾਉਣ ਵਾਲੀਆਂ ਨੂੰ ਵਿਖਾਉਣ ਦੀ ਲੋੜ੍ਹ ਹੈ ਕਿ ਅਹਮਦੀ ਕੇਵਲ ਪੁਰਾਣੇ ਕਿੱਸੇ ਹੀ ਬਿਆਨ ਨਹੀਂ ਕਰਦੇ । ਸਗੋਂ ਅਜੱ ਵੀ ਜ਼ਿੰਦਾ ਕਿਤਾਬ ਅਤੇ ਜ਼ਿੰਦਾ ਰਸੂਲ ਦੇ ਮੰਨਣ ਵਾਲੀਆਂ'ਤੇ ਰੱਬ ਦੀਆਂ ਮਿਹਰਾਂ ਦੇ ਉਤਰਨ' ਦਾ ਯਕੀਨ ਰੱਖਦੇ ਹਨ । ਇਸ ਗਲ੍ਹੱ'ਤੇ ਯਕੀਨ ਰੱਖਦੇ ਹਨ ਕਿ ਰੱਬ ਅਜੱ ਵੀ ਬੋਲਦਾ ਹੈ ।

ਫ਼ਿਰ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਸਾਨੂੰ ਰੱਬ ਨੇ ਉਹ ਨਬੀ ਦਿੱਤਾ । ਜੋ ਖ਼ਾਤਮੁਲੱ ਮੋਮਿਨੀਨ, ਖ਼ਾਤਮੁਲੱ ਆਰਫ਼ੀਨ, ਖ਼ਾਤਮੁਨੱਬੀਯੀਨ ਹੈ ਅਤੇ ਇੰਝ ਹੀ ਉਹ ਕਿਤਾਬ ਉਸ'ਤੇ ਉਤਾਰੀ । ਜੋ ਜਾਮੇਉਲੱ ਕੁਤੁਬ ਅਤੇ ਖ਼ਾਤਮੁਲੱ ਕੁਤੁਬ ਹੈ ।

ਕੁਰਆਨੇ ਕਰੀਮ'ਤੇ ਇਸ਼ਵਾਸ ਕਿਨ੍ਹਾਂ ਜ਼ਰੂਰੀ ਹੈ । ਇਸ ਬਾਰੇ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ । ਮੈਂ ਕੁਰਆਨ ਕਰੀਮ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਪੈਰਵੀ ਤੋਂ ਮਾਸਾ ਜਿਹਾ ਸੱਜੇ ਖੱਬੇ ਹੋਣਾ ਅਧਰਮ ਸਮਝਦਾ ਹਾਂ । ਮੇਰਾ ਅਕੀਦਾ ਇਹੀ ਹੈ । ਜੋ ਉਸ ਨੂੰ ਮਾਸਾ ਜਿਹਾ ਵੀ ਛੱਡੇਗਾ, ਉਹ ਨਰਕੀ ਹੈ ।

ਕੁਰਆਨ ਸ਼ਰੀਫ਼ ਅਤੇ ਕਾਨੂੰਨੇ ਕੁਦਰਤ ਦੇ ਆਪਸੀ ਸੰਬੰਧ ਨੂੰ ਬਿਆਨ ਕਰਦੇ ਹੋਏ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਪਾਕ ਅਤੇ ਸੰਪੂਰਨ ਸਿਖਿੱਆ ਕੁਰਆਨ ਕਰੀਮ ਦੀ ਹੈ । ਜੋ ਮਨੁੱਖੀ ਬੂਟੇ ਦੀ ਹਰ ਇਕੱ ਟਾਹਣੀ ਦਾ ਪਾਲਨ ਪੋਸ਼ਨ ਕਰਦੀ ਹੈ । ਕੁਰਆਨ ਸ਼ਰੀਫ਼ ਕੇਵਲ ਇਕੱ ਪਹਿਲ੍ਹੂ'ਤੇ ਭਾਰ ਨਹੀਂ ਪਾਉਂਦਾ । ਸਗੋਂ ਕਦੇ ਤਾਂ ਮੁਆਫ਼ੀ ਅਤੇ ਬਖ਼ਸ਼ਿਸ਼ ਦੀ ਸਿਖਿੱਆ ਦਿੰਦਾ ਹੈ । ਪਰ ਇਸ ਸ਼ਰਤ ਨਾਲ ਕਿ ਮੁਆਫ਼ ਕਰਨ ਦਾ ਲਾਭ ਹੋਵੇ ਅਤੇ ਕਦੇ ਹਾਲਤਾਂ ਅਨੁਸਾਰ ਦੋਸ਼ੀ ਨੂੰ ਸਜ਼ਾ ਦੇਣ ਲਈ ਫ਼ਰਮਾਉਂਦਾ ਹੈ । ਸੋ, ਅਸਲ'ਚ ਕੁਰਆਨ ਸ਼ਰੀਫ਼ ਰੱਬ ਦੇ ਉਸ ਕਾਨੂੰਨੇ ਕੁਦਰਤ ਦੀ ਤਸਵੀਰ ਹੈ । ਜੋ ਸਦਾ ਸਾਡੀ ਨਜ਼ਰ ਦੇ ਸਾਮ੍ਹਣੇ ਹੈ । ਇਹ ਗਲ੍ਹੱ ਬਿਲਕੁਲੱ ਠੀਕ ਹੈ ਕਿ ਰੱਬ ਦੀ ਕਥਨੀ ਅਤੇ ਕਰਨੀ ਸਮਾਨ ਹੋਵੇ । ਅਰਥਾਤ ਜਿਸ ਰੰਗ ਅਤੇ ਢੰਗ'ਤੇ ਸੰਸਾਰ'ਚ ਰੱਬ ਦਾ ਕੰਮ ਨਜ਼ਰ ਆਉਂਦਾ ਹੈ । ਜ਼ਰੂਰ ਹੈ ਕਿ ਰੱਬ ਦੀ ਸੱਚੀ ਕਿਤਾਬ ਆਪਣੇ ਕੰਮਾਂ ਅਨੁਸਾਰ ਸਿਖਿੱਆ ਦੇਵੇ ।

ਫ਼ਰਮਾਇਆ : ਸੱਚਾ ਉਹੀ ਧਰਮ ਹੈ । ਜੋ ਇਸ ਜ਼ਮਾਨੇ'ਚ ਵੀ ਰੱਬ ਦਾ ਸੁਣਨਾ ਅਤੇ ਬੋਲਣਾ ਦੋਵਾਂ ਦਾ ਪ੍ਰਮਾਣ ਦੇਵੇ । ਅਰਥਾਤ ਸੱਚੇ ਧਰਮ'ਚ ਰੱਬ, ਆਪਣੀ ਆਕਾਸ਼ਬਾਣੀ ਰਾਹੀਂ, ਆਪਣੀ ਹਸਤੀ ਦੀ ਆਪ ਖਬਰ ਦਿੰਦਾ ਹੈ । ਰੱਬ ਦੀ ਪਛਾਣ ਇਕੱ ਬਹੁਤ ਔਖਾ ਕੰਮ ਹੈ । ਸੰਸਾਰ ਦੇ ਹਕੀਮਾਂ ਅਤੇ ਫ਼ਲਾਸਫ਼ਰਾਂ ਦਾ ਕੰਮ ਨਹੀਂ ਹੈ

ਕਿ ਜੋ ਰੱਬ ਦਾ ਪਤਾ ਦੇਵੇ। ਕਿਉਂਕਿ ਜ਼ਮੀਨ ਅਤੇ ਆਕਾਸ਼ ਨੂੰ ਵੇਖ ਕੇ ਕੇਵਲ ਇਹ ਪ੍ਰਮਾਣਿਤ ਹੁੰਦਾ ਹੈ ਕਿ ਇਸ ਸੰਪੂਰਨ ਤਰਕੀਬ ਦਾ ਕੋਈ ਬਣਾਉਣ ਵਾਲਾ ਹੋਣਾ ਚਾਹੀਦਾ ਹੈ। ਪਰ ਇਹ ਤਾਂ ਪ੍ਰਮਾਣਿਤ ਨਹੀਂ ਹੁੰਦਾ ਕਿ ਅਸਲ'ਚ ਉਹ ਬਣਾਉਣ ਬਵਾਲਾ ਮੌਜੂਦ ਵੀ ਹੈ ਅਤੇ " ਹੋਣਾ ਚਾਹੀਦਾ " ਅਤੇ "ਹੈ" ਵਿੱਚ ਜੋ ਅੰਤਰ ਹੈ, ਉਹ ਪ੍ਰਕਟ ਹੈ। ਸੋ, ਉਸ ਹਸਤੀ ਦਾ ਪਤਾ ਦੇਣ ਵਾਲਾ ਕੇਵਲ ਕੁਰਆਨ ਕਰੀਮ ਹੈ।

ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਰ ਕੌਮ ਅਤੇ ਹਰ ਧਰਮ ਦੇ ਆਗੂਆਂ ਨੂੰ ਅਸੀਂ ਸੱਦਾ ਦਿੱਤਾ ਹੈ ਕਿ ਉਹ ਸਾਡੇ ਮੁਕਾਬਲੇ'ਤੇ ਆ ਕੇ ਆਪਣੀ ਸੱਚਾਈ ਦਾ ਨਿਸ਼ਾਨ ਵਿਖਾਏ। ਪਰ ਇਕੱ ਵੀ ਅਜੀਹਾ ਨਹੀਂ ਕਿ ਜੋ ਆਪਣੇ ਧਰਮ ਦੀ ਸੱਚਾਈ ਦਾ ਕੋਈ ਨਮੂਨਾ ਕਰਮ ਵੱਜੋਂ ਵਿਖਾਏ। ਅਸੀਂ ਰਬੱ ਦੇ ਕਲਾਮ ਨੂੰ ਸੰਪੂਰਨ ਚਮਤਕਾਰ ਮੰਨਦੇ ਹਾਂ ਅਤੇ ਸਾਡਾ ਵਿਸ਼ਵਾਸ ਅਤੇ ਦਾਅਵਾ ਹੈ ਕਿ ਕੋਈ ਦੂਜੀ ਕਿਤਾਬ ਉਸ ਦੇ ਮੁਕਾਬਲੇ'ਤੇ ਨਹੀਂ ਹੈ।

ਹਜ਼ੂਰੇ ਅਨਵਰ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਦੇ ਚਾਨਣ'ਚ ਕੁਰਆਨ ਸ਼ਰੀਫ਼ ਦੀ ਸਿਖਿੱਆ ਦਾ ਬਾਈਬਲ ਦੇ ਮੁਕਾਬਲੇ'ਤੇ ਸੰਪੂਰਨ ਹੋਣਾ ਪ੍ਰਮਾਣਿਤ ਕਰਨ ਮਗਰੋਂ ਫ਼ਰਮਾਇਆ ਕਿ ਬਹਾਦਰੀ ਅਤੇ ਦਲੀਲਾਂ ਨਾਲ ਸਮੂਹ ਸੰਸਾਰ'ਤੇ ਕੁਰਆਨ ਸ਼ਰੀਫ਼ ਦੀ ਵਡਿਆਈ ਪ੍ਰਮਾਣਿਤ ਕਰਨਾ, ਆਪ ਅਲੈਹਿ ਸਲਾਮ ਦਾ ਉਸ ਸਮੇਂ ਸੀ। ਜਦੋਂ ਦੇਸ਼'ਚ ਅੰਗਰੇਜ਼ਾਂ ਦਾ ਰਾਜ ਸੀ, ਚਰਚ ਦਾ ਜ਼ੋਰ ਸੀ। ਫ਼ਿਰ ਵੀ ਆਪ ਅਲੈਹਿ ਸਲਾਮ ਨੇ ਕੁਰਆਨ ਸ਼ਰੀਫ਼ ਦੀ ਵਡਿੱਆਈ ਦਾ ਖੁਲ੍ਹਾ ਚੈਲੰਜ ਦਿੱਤਾ ਅਤੇ ਕਿਸੇ ਖ਼ੌਫ਼ ਨੂੰ ਵੀ ਨੇੜ੍ਹੇ ਨਹੀਂ ਆਉਣ ਦਿੱਤਾ। ਕਿਉਂਕਿ ਆਪ ਅਲੈਹਿ ਸਲਾਮ ਰੱਬ ਦੇ ਉਹ ਬੰਦੇ ਸਨ। ਜਿਸ ਨੂੰ ਰੱਬ ਨੇ ਇਸ ਜ਼ਮਾਨੇ'ਚ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਗ਼ੁਲਾਮੀ'ਚ ਭੇਜਿਆ। ਇਹੀ ਚੀਜ਼ ਅਸੀਂ ਆਪ ਅਲੈਹਿ ਸਲਾਮ ਦੀ ਸਿਖਿੱਆ ਅਤੇ ਲਿਟਰੇਚਰ'ਚ ਵੇਖਦੇ ਹਾਂ ਅਤੇ ਇਹੀ ਉਹ ਸਿਖਿੱਆ ਹੈ ਜਿਸ ਨੂੰ ਜਮਾਅਤੇ ਅਹਮਦੀਆ ਅੱਗੇ ਫੈਲ੍ਹਾ ਰਹੀ ਹੈ। ਜਮਾਅਤੇ ਅਹਮਦੀਆ'ਤੇ ਦੋਸ਼ ਲਾਉਣ ਵਾਲੇ ਇਹ ਕਹਿੰਦੇ ਹਨ ਕਿ ਅਹਮਦੀ ਕੁਰਆਨ ਸ਼ਰੀਫ਼'ਚ ਤਬਦੀਲੀ ਅਤੇ ਬੇਇਜ਼ੱਤੀ ਕਰਦੇ ਹਨ।

ਕੁਰਆਨ ਸ਼ਰੀਫ਼ ਦੀ ਲੋੜ੍ਹ ਅਤੇ ਵਡਿੱਆਈ ਸੰਬੰਧੀ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਕੁਰਆਨ ਸ਼ਰੀਫ਼ ਦੀ ਨਜ਼ਰ ਸਮੂਹ ਸੰਸਾਰ ਦੀ ਸਿਖੱਲਾਈ ਹੈ ਅਤੇ ਉਸ ਦੀ ਨਜ਼ਰ'ਚ ਕੋਈ ਖਾਸ਼ ਕੌਮ ਨਹੀਂ ਹੈ। ਸਗੋਂ ਖੁਲ੍ਹੇ ਤੌਰ'ਤੇ ਬਿਆਨ ਕਰਦਾ ਹੈ ਕਿ ਉਹ ਸਾਰੇ ਮਨੁੱਖਾਂ ਲਈ ਆਇਆ ਹੈ ਅਤੇ ਹਰ ਇਕੱ ਦੀ ਸਿਖਲਾਈ ਉਸ ਦਾ ਉਦੇਸ਼ ਹੈ।

ਖ਼ੁਤਬੇ ਦੇ ਅੰਤ'ਚ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਕੁਰਆਨ ਸ਼ਰੀਫ਼ ਦੀਆਂ ਖ਼ੂਬੀਆਂ, ਸਥਾਨ ਅਤੇ ਵਡਿਆਈ ਬਾਰੇ ਹੋਰ ਵੀ ਕਈ ਹਵਾਲੇ ਹਨ। ਜੋ ਫ਼ਿਰ ਕਿਸੇ ਸਮੇਂ ਬਿਆਨ ਹੋਣਗੇ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ
اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔